# ਪੰਜਾਬ ਨਰਸਿਜ਼ ਰਜਿਸਟ੍ਰੇਸ਼ਨ ਕੌਂਸਲ
## ਮੈਡੀਕਲ ਸਿੱਖਿਆ ਭਵਨ
### ਤੀਜੀ ਮੰਜ਼ਿਲ, ਸੈਕਟਰ 69, ਐਸ.ਏ.ਐਸ ਨਗਰ (ਮੋਹਾਲੀ)

---

ਨੰ: ਪੀ.ਐਨ.ਆਰ.ਸੀ/2022/73 ਮਿਤੀ:- 27.06.2022

ਵੱਲ

**Aman Bhalla College of Nursing,**
**Kotli, Pathankot.**

ਵਿਸ਼ਾ :- ਸੈਸ਼ਨ 2022-23 ਦੇ ਦਾਖਲੇ ਸਬੰਧੀ।

ਆਪ ਦੀ ਸੰਸਥਾ ਵੱਲੋਂ ਭੇਜੇ ਗਏ ਸੈਲਫ ਐਪਰੇਜ਼ਲ ਪ੍ਰੋਫਾਰਮੇ, ਇੰਸਪੈਕਸ਼ਨ ਰਿਪੋਰਟ ਅਤੇ ਨੱਥੀ ਦਸਤਾਵੇਜ਼ਾਂ ਦੇ ਆਧਾਰ ਤੇ ਸੈਸ਼ਨ 2022-23 ਲਈ ਹੇਠ ਲਿਖੇ ਕੋਰਸਾਂ ਦੀ ਆਰਜੀ ਮਾਨਤਾ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆਂ ਵਿੱਚ ਚੱਲ ਰਹੇ **SLP Civil Appeal No. 12759-12761 of 2017** ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਪੱਤਰ ਮੀਮੋ ਨੰ: **2/54/2016-3MER3/55-57** ਮਿਤੀ 02-01-2018 ਵਿੱਚ ਅੰਕਿਤ ਹੇਠ ਲਿਖੀ ਸ਼ਰਤ ਅਨੁਸਾਰ ਦਿੱਤੀ ਜਾਂਦੀ ਹੈ:-

**"It has been decided to comply with above orders subject to the final outcome of any appeal filed by the Indian Nursing Council, New Delhi or any other person."**

| **Course** | **No. of Seats** |
|---|---|
| B. Sc Nursing (with the condition to get approval from BFUHS for session 2022-23) | 50 |
| Post Basic B. Sc Nursing (with the condition to get approval from BFUHS for session 2022-23) | 40 |

ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੀ ਸੰਸਥਾਂ ਦਾ ਨਾਮ ਬੀ.ਐਸ.ਸੀ. ਨਰਸਿੰਗ ਕੋਰਸ ਅਤੇ ਬੀ.ਐਸ.ਸੀ. ਨਰਸਿੰਗ (ਪੋਸਟ ਬੇਸਿਕ) ਕੋਰਸ ਲਈ ਆਈ.ਐਨ.ਸੀ. ਦੀ ਲਿਸਟ ਵਿੱਚ ਰਜਿਸਟਰਡ ਨਹੀਂ ਹੈ। ਪ੍ਰੰਤੂ ਆਪ ਵੱਲੋਂ ਸਰਕਾਰ ਦੀ ਐਨ.ਓ.ਸੀ. ਦੇ ਮੁਤਾਬਿਕ ਬੀ.ਐਸ.ਸੀ. ਨਰਸਿੰਗ ਕੋਰਸ ਦੀਆਂ 50 ਸੀਟਾਂ ਅਤੇ ਬੀ.ਐਸ.ਸੀ. ਨਰਸਿੰਗ (ਪੋਸਟ ਬੇਸਿਕ) ਕੋਰਸ ਦੀਆਂ 40 ਸੀਟਾਂ ਦੀ ਮੰਗ ਕੀਤੀ ਗਈ ਹੈ। ਇੰਡੀਅਨ ਨਰਸਿੰਗ ਕੌਂਸਲ ਦੇ ਪੱਤਰ ਨੰ: **28-26/2017-INC** ਦੇ ਆਧਾਰ ਤੇ ਅਤੇ ਸਰਕਾਰ ਵੱਲੋਂ ਜਾਰੀ ਐਨ.ਓ.ਸੀ. ਦੇ ਆਧਾਰ ਤੇ ਸੈਸ਼ਨ 2022-23 ਲਈ ਬੀ.ਐਸ.ਸੀ. ਨਰਸਿੰਗ ਕੋਰਸ ਦੀਆਂ 50 ਸੀਟਾਂ ਅਤੇ ਬੀ.ਐਸ.ਸੀ. ਨਰਸਿੰਗ (ਪੋਸਟ ਬੇਸਿਕ) ਦੀਆਂ 40 ਸੀਟਾਂ ਲਈ ਆਰਜ਼ੀ ਤੌਰ ਤੇ ਮਾਨਤਾ ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

ਇਸ ਸੈਸ਼ਨ 2022-23 ਵਿੱਚ ਉਹੀ ਹੇਠ ਲਿਖੀਆਂ ਸ਼ਰਤਾਂ ਲਗਾ ਕੇ ਆਰਜ਼ੀ ਮਾਨਤਾ ਦਿੱਤੀ ਜਾਂਦੀ ਹੈ ਅਤੇ ਆਈ.ਐਨ.ਸੀ. ਦੀਆਂ ਸੀਟਾਂ ਤੋਂ **beyond** ਜਾਂ ਕੁੱਲ ਐਨ.ਓ.ਸੀ. ਦੇ ਮੁਤਾਬਿਕ ਸ਼ਰਤਾਂ ਲਾਗੂ ਹੋਣਗੀਆਂ। ਇਹ ਆਰਜ਼ੀ ਮਾਨਤਾ **subject to the outcome of the decision to be made in CWP No. 18134 of 2020, CWP 4150 of 2021 & SLP 18134 of 2020** ਰਾਹੀਂ ਹੇਠ ਲਿਖੇ ਅਨੁਸਾਰ ਦਿੱਤੀ ਜਾਂਦੀ ਹੈ :-

1. ਇਹ ਵਿਦਿਆਰਥੀ ਕੇਵਲ ਪੰਜਾਬ ਵਿੱਚ ਹੀ ਰਜਿਸਟ੍ਰੇਸ਼ਨ ਦੇ ਯੋਗ ਹੋਣਗੇ।
2. ਤੁਹਾਡੀ ਸੰਸਥਾਂ ਇਸ ਸਬੰਧੀ ਨੋਟਿਸ ਆਪਣੀ ਸੰਸਥਾਂ ਦੇ ਪ੍ਰਾਸਪੈਕਟ ਤੇ / ਵੈਬ-ਸਾਈਟ ਤੇ ਅਤੇ ਅਖਬਾਰਾਂ ਵਿੱਚ ਦਿੱਤੇ ਗਏ ਇਸ਼ਤਿਹਾਰਾਂ ਵਿੱਚ ਵੀ ਦੇਵੇਗੀ।
3. ਤੁਹਾਡੀ ਸੰਸਥਾਂ ਪੀ.ਐਨ.ਆਰ.ਸੀ. ਨੂੰ ਇਨ੍ਹਾਂ ਵਿਦਿਆਰਥੀਆਂ ਦੇ ਨਾਮ ਦੀ ਕਲੀਅਰ-ਕੱਟ ਲਿਸਟ ਵੀ ਭੇਜੇਗੀ ਤਾਂ ਜੋ ਰਜਿਸਟ੍ਰੇਸ਼ਨ ਕਰਦੇ ਸਮੇਂ ਇਹਨਾ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਤੇ ਲਿਖਿਆ ਜਾ ਸਕੇ - **"Valid for Punjab State only".**
4. ਪੀ.ਐਨ.ਆਰ.ਸੀ. ਇਹਨਾਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਪੰਜਾਬ ਤੋਂ ਇਲਾਵਾ ਹੋਰ ਕਿਸੇ ਦੂਜੇ ਰਾਜ ਵਿੱਚ ਟਰਾਂਸਫਰ ਕਰਨ ਲਈ ਐਨ.ਓ.ਸੀ. ਜਾਰੀ ਨਹੀਂ ਕਰੇਗੀ।
5. ਇਹਨਾਂ ਵਿਦਿਆਰਥੀਆਂ ਨੂੰ ਇਸ ਸਬੰਧੀ ਜਾਣੂ ਕਰਵਾਉਣਾ ਕੇਵਲ ਸੰਸਥਾਂ ਦੀ ਜਿੰਮੇਵਾਰੀ ਹੋਵੇਗੀ।
6. ਸੰਸਥਾਂ ਦੇ ਡਾਇਰੈਕਟਰ / ਪ੍ਰਿੰਸੀਪਲ ਇਸ ਸਬੰਧੀ ਪੀ.ਐਨ.ਆਰ.ਸੀ. ਦੇ **format** ਅਨੁਸਾਰ **undertaking** ਜਮ੍ਹਾਂ ਕਰਵਾਉਣਗੇ (ਕਾਪੀ ਨੱਥੀ ਹੈ)

ਰਜਿਸਟਰਾਰ
ਪੰਜਾਬ ਨਰਸਿਜ਼ ਰਜਿਸਟ੍ਰੇਸ਼ਨ ਕੌਂਸਲ
ਐਸ.ਏ.ਐਸ. ਨਗਰ (ਮੋਹਾਲੀ)

ਨੰ: ਪੀ.ਐਨ.ਆਰ.ਸੀ/2022/ ਮਿਤੀ:-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. **Secretary, Indian Nursing Council, 8th Floor, NBCC Center, Plot No. 2, Community Center, Okhla Phase-I, New Delhi – 110020**
2. ਰਜਿਸਟਰੇਸ਼ਨ ਬਰਾਂਚ, ਪੀ.ਐਨ.ਆਰ.ਸੀ. ।